**OFFICE OF THE**
**ADDL. DEPUTY COMMISSIONER(RD)-Cum-**
**ADDL. DISTRICT ELECTORAL OFFICER. BATHINDA**
Zila Parishad Complex, Bathinda
Phone/Fax No. 0164-2241949,0164-2210736
E-mail : adeo.bti@gmail.com

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਨੰਬਰ ਚਸ/2023/972 ਮਿਤੀ 25-10-2023

ਵੱਲ

ਸਮੂਹ ਵਿਭਾਗਾਂ ਦੇ ਮੁੱਖੀ
ਜਿਲਾ ਬਠਿੰਡਾ।

ਵਿਸ਼ਾ ਅਗਾਮੀ ਗ੍ਰਾਮ ਪੰਚਾਇਤਾਂ/ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਆਮ ਚੋਣਾਂ ਸਬੰਧੀ।

ਉਪਰੋਕਤ ਵਿਸ਼ੇ ਤੇ ਆਪਦਾ ਧਿਆਨ ਇਸ ਦਫਤਰ ਦੇ ਪੱਤਰ ਨੰਬਰ 897, ਮਿਤੀ 11-10-2023 ਅਤੇ ਪੱਤਰ ਨੰਬਰ 927 ਮਿਤੀ 17.10.2023 ਵੱਲ ਦਿਵਾਇਆ ਜਾਂਦਾ ਹੈ, ਜਿਸ ਰਾਹੀ ਆਪਨੂੰ ਅਗਾਮੀ ਗ੍ਰਾਮ ਪੰਚਾਇਤਾਂ ਅਤੇ ਨਗਰ ਕੌਂਸ਼ਲਾਂ ਦੀਆਂ ਆਮ ਚੋਣਾਂ ਨੂੰ ਮੁੱਖ ਰੱਖਦਿਆਂ ਆਪ ਦੇ ਅਤੇ ਆਪ ਦੇ ਅਧੀਨ ਪੈਂਦੇ ਸਮੂਹ ਦਫਤਰਾਂ ਦਾ ਦਰਜ਼ਾ 1,2,3 ਦੇ ਕਰਮਚਾਰੀਆਂ/ਅਧਿਕਾਰੀਆਂ (ਰੈਗੂਲਰ, ਕੰਟਰੈਕਟ ਅਤੇ ਆਊਟ ਸੋਰਸਿੰਗ) ਦਾ ਡਾਟਾ ਬੇਸ ਮਿਤੀ 23.10.2023 ਨੂੰ ਸ਼ਾਮ 4.00 ਵਜੇ ਇਹ ਡਾਟਾ ਕਮਰਾ ਨੰਬਰ 302, ਮਿੰਨੀ ਸਕੱਤਰੇਤ ਵਿਖੇ ਜਮਾਂ ਕਰਵਾਉਣ ਦੀ ਹਦਾਇਤ ਕੀਤੀ ਗਈ ਸੀ। ਪਰੰਤੂ ਕਾਫੀ ਵਿਭਾਗਾਂ ਵੱਲੋਂ ਅਜੇ ਤੱਕ ਇਹ ਡਾਟਾ ਬੇਸ ਜਮ੍ਹਾ ਨਹੀਂ ਕਰਵਾਇਆ ਗਿਆ, ਜਿਸ ਦਾ ਨਿਮਨਹਸਤਾਖਰ ਵਲੋਂ ਗੰਭੀਰਤਾ ਨਾਲ ਨੋਟਿਸ ਲਿਆ ਗਿਆ ਹੈ।

ਇਸ ਲਈ ਆਪ ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਤਾੜਨਾ ਕੀਤੀ ਜਾਂਦੀ ਹੈ ਕਿ ਜਿਨ੍ਹਾ ਵਿਭਾਗਾਂ/ਦਫਤਰਾਂ ਵੱਲੋਂ ਡਾਟਾ ਬੇਸ ਨਹੀ ਭੇਜਿਆ ਗਿਆ ਉਹ ਵਿਭਾਗ ਆਪ ਦੇ ਅਤੇ ਆਪ ਦੇ ਅਧੀਨ ਪੈਂਦੇ ਸਮੂਹ ਦਫਤਰਾਂ ਦਾ ਡਾਟਾ ਬੇਸ ਮਿਤੀ 31.10.2023 ਨੂੰ ਸ਼ਾਮ 4.00 ਵਜੇ ਤੋਂ ਪਹਿਲਾਂ ਪਹਿਲਾਂ ਜਮ੍ਹਾ ਕਰਵਾਉਣਗੇ, ਜੇਕਰ ਇਸ ਸਮੇਂ ਤੋਂ ਪਹਿਲਾਂ ਪਹਿਲਾਂ ਡਾਟਾ ਬੇਸ ਜਮ੍ਹਾਂ ਨਹੀਂ ਕਰਵਾਇਆ ਗਿਆ, ਤਾਂ ਆਪ ਦੇ ਵਿਰੁੱਧ ਚੋਣ ਪ੍ਰਕਿਰਿਆ ਵਿੱਚ ਵਿਘਣ ਪਾਉਣ ਦੇ ਦੋਸ਼ ਵਿਚ ਆਪਦੇ ਵਿਰੁੱਧ ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਦੀ ਧਾਰਾ 120 ਤਹਿਤ ਅਨੁਸਾਸਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ, ਜਿਸ ਦੀ ਨਿਜੀ ਜਿਮੇਵਾਰੀ ਆਪਦੀ ਖੁਦ ਦੀ ਹੋਵੇਗੀ ਸਮੇ ਸਿਰ ਡਾਟਾ ਨਾ ਭੇਜਣ ਦੀ ਸੂਰਤ ਵਿੱਚ ਆਪ ਦੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਮਾਮਲਾ ਰਾਜ ਚੋਣ ਕਮਿਸ਼ਨ ਪੰਜਾਬ ਨਾਲ ਟੇਕ ਅਪ ਕੀਤਾ ਜਾਵੇਗਾ।

ਜੇਕਰ ਇਸ ਸਬੰਧੀ ਕੋਈ ਸੱਮਸਿਆ ਆਉਂਦੀ ਹੈ ਤਾਂ ਮਿੰਨੀ ਸਕੱਤਰੇਤ ਦੇ ਕਮਰਾ ਨੰ: 302 ਦਫਤਰ ਦੇ ਟੈਲੀਫੋਨ ਨੰ: 0164-2212080 ਜਾਂ 96467-75009 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ ਬਠਿੰਡਾ।

ਪਿੱਠ ਅੰਕਣ ਨੰ 973 ਮਿਤੀ 25-10-2023

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ :

1. ਮਾਨਯੋਗ ਡਿਪਟੀ ਕਮਿਸ਼ਨਰ-ਕਮ- ਜਿਲ੍ਹਾ ਚੋਣਕਾਰ ਅਫਸਰ ਜੀ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ਜੀ।
2. ਜਿਲ੍ਹਾ ਇੰਨਫੋਰਮੈਟਿਕ ਅਫਸਰ ਬਠਿੰਡਾ
3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਕਮ ਜਿਲ੍ਹਾ ਨੋਡਲ ਅਫਸਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਇਸ ਕੰਮ ਨੂੰ ਪੂਰੀ ਗੰਭੀਰਤਾ ਨਾਲ ਨਹੀ ਲਿਆ ਜਾ ਰਿਹਾ। ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਐਨ ਆਈ ਸੀ ਨਾਲ ਤਾਲਮੇਲ ਕਰਕੇ ਪ੍ਰਾਪਤ ਹੋਏ ਡਾਟਾ ਬੇਸ ਦਾ ਪੈਡਿੰਗ ਵਿਭਾਗਾਂ ਦਾ ਸਟੇਟਸ ਰਵਿਉ ਕੀਤਾ ਜਾਵੇ ਤੇ ਨਿਮਨਹਸਤਾਖਰ ਨੂੰ ਮੁਕੰਮਲ ਰਿਪੋਰਟ ਭੇਜੀ ਜਾਵੇ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ ਬਠਿੰਡਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ ( ਸੈ.ਸਿ) ਬਠਿੰਡਾ

**ਪਿਠ ਅੰਕਣ ਨੰ: ਜੀ-4/1 ( )2023/ 5011** **ਮਿਤੀ: 26/10/2023**

**ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਡਾਟਾ ਬੇਸ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ।**

**ਜਿਲ੍ਹਾ ਸਿੱਖਿਆ ਅਫਸਰ( ਸੈ.ਸਿ)**
**ਬਠਿੰਡਾ ।**